ਸਮਾਜਿਕ ਸਿੱਖਿਆ

ਅੰਗ ਫਿਲ SET- A ਕੁਲ ਅੰਕ=90

i. ਇਸ ਪ੍ਰਸ਼ਨ ਪੱਤਰ ਦੇ ਚਾਰ ਭਾਗ ਹੋਣਗੇ।
ਭੂਗੋਲ :25, ਅਰਥ ਸ਼ਾਸਤਰ :20, ਇਤਿਹਾਸ :25, ਨਾਗਰਿਕ ਸ਼ਾਸਤਰ :20
ਭੂਗੋਲ ਪ੍ਰਸ਼ਨ ਨੰ :1 ਤੋਂ ਪ੍ਰਸ਼ਨ ਨੰ :4 ਤੱਕ
ਅਰਥ ਸ਼ਾਸਤਰ ਪ੍ਰਸ਼ਨ ਨੰ :5 ਤੋਂ ਪ੍ਰਸ਼ਨ ਨੰ :7 ਤੱਕ
ਇਤਿਹਾਸ ਪ੍ਰਸ਼ਨ ਨੰ :8 ਤੋਂ ਪ੍ਰਸ਼ਨ ਨੰ :11 ਤੱਕ
ਨਾਗਰਿਕ ਸ਼ਾਸਤਰ ਪ੍ਰਸ਼ਨ ਨੰ :12 ਤੋਂ ਪ੍ਰਸ਼ਨ ਨੰ :14 ਤੱਕ

ii. ਸਾਰੇ ਪ੍ਰਸ਼ਨ ਜ਼ਰੂਰੀ ਹਨ|

iii. ਲੋੜ ਅਨੁਸਾਰ ਚਿੱਤਰ ਅਤੇ ਨਕਸ਼ੇ ਬਣਾਏ ਜਾ ਸਕਦੇ ਹਨ।

iv. ਨਕਸ਼ੇ ਬਣਾਉਣ ਲਈ ਸਟੈਂਸਿਲ ਵਰਤਣ ਦੀ ਆਗਿਆ ਹੈ।

v. ਵਸਤੂਨਿਸ਼ਠ ਪ੍ਰਸ਼ਨਾਂ ਵਿੱਚ ਖਾਲੀ ਥਾਵਾਂ, ਸਹੀ ਮੇਲ ਕਰੋ, ਠੀਕ/ਗਲਤ, ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ ਜੋ ਕਿ 2 ਅੰਕਾਂ ਦੇ ਹੋਣਗੇ।

vi. 4 ਅੰਕਾਂ ਵਾਲੇ ਪ੍ਰਸ਼ਨਾਂ ਦਾ ਉੱਤਰ ਇੱਕ ਤੋਂ ਚਾਰ ਲਾਈਨਾਂ ਵਿੱਚ ਦੇਣਾ ਹੋਵੇਗਾ। ਇਸ ਵਿੱਚ ਅੰਦਰੂਨੀ ਛੋਟ ਵੀ ਰੱਖੀ ਗਈ ਹੈ।

vii. 6 ਅੰਕਾਂ ਵਾਲੇ ਪ੍ਰਸ਼ਨਾਂ ਵਿੱਚ ਵੀ ਅੰਦਰੂਨੀ ਛੋਟ ਹੈ ਅਤੇ ਇਸ ਪ੍ਰਸ਼ਨ ਦਾ ਉੱਤਰ ਵੀ 1 ਤੋਂ 6 ਲਾਈਨਾਂ ਵਿੱਚ ਦਿੱਤਾ ਜਾਣਾ ਜ਼ਰੂਰੀ ਹੈ

viii. ਭੂਗੋਲ ਅਤੇ ਇਤਿਹਾਸ ਵਿੱਚ ਨਕਸ਼ੇ ਲਈ 5-5 ਅੰਕ ਰੱਖੇ ਗਏ ਹਨ।

ix. ਨੇਤਰਹੀਣ ਵਿਦਿਆਰਥੀ ਭਗੋਲ ਅਤੇ ਇਤਿਹਾਸ ਦੇ ਨਕਸ਼ੇ ਵਿੱਚ ਪੁੱਛੀਆਂ ਗਈਆਂ ਥਾਵਾਂ ਬਾਰੇ ਵਿਆਖਿਆ ਵਿਖਿਆਂ ਕਰਨਗੇ।

ਭੂਗੋਲ

ਅੰਕ-25

(ਭਾਗ-ੳ)

1. 2 ਅੰਕਾਂ ਵਾਲੇ ਪ੍ਰਸ਼ਨ 2×5=10

I. ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

ਹੇਠ ਲਿਖਿਆ ਦੇਸ਼ਾਂ ਵਿੱਚੋਂ ਕਿਹੜਾ ਸਾਰਕ ਦਾ ਮੈਂਬਰ ਨਹੀਂ।

(ੳ) ਨੇਪਾਲ (ਅ) ਭੁਟਾਨ (ੲ) ਮਾਲਦੀਵ (ਸ) ਚੀਨ

II. ਖਾਲੀ ਥਾਂ ਭਰੋ

ਭਾਰਤ ਦੇ ਵਿਸ਼ਾਲ ਮੈਦਾਨ ਪੂਰੇ ਦੇਸ਼ ਲਈ---------------ਦੇ ਭੰਡਾਰ ਹਨ।

(ਅੰਨ/ਰਾਜਧਾਨੀ)

III. ਠੀਕ ਵਾਕ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਉੱਤਰੀ ਭਾਰਤ ਦੀਆ ਨਦੀਆਂ ਸਾਰਾ ਸਾਲ ਵੱਗਦੀਆਂ ਹਨ।

IV. ਸਹੀ ਮਿਲਾਨ ਕਰੋ

(ੳ) ਦਿੱਲੀ	ਥਾਰ
(ਅ) ਮਾਰੂਥਲ	ਭਾਰਤ ਦੀ ਰਾਜਧਾਨੀ

V. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਮਾਉਂਟ ਐਵਰੈਸਟ ਚੋਟੀ ਦੀ ਉੱਚਾਈ ਕਿੰਨੀ ਹੈ?

1×4=4

2. **4 ਅੰਕਾਂ ਵਾਲੇ ਪ੍ਰਸ਼ਨ:-**

ਵਿਦੇਸ਼ੀ ਪੌਦਿਆਂ ਦੇ ਨੁਕਸਾਨ ਲਿਖੋ?

ਜਾਂ

ਜੰਗਲਾਂ ਦੇ ਮੁੱਖ ਲਾਭ ਲਿਖੋ?

1×6=6

3. **6 ਅੰਕਾਂ ਵਾਲੇ ਪ੍ਰਸ਼ਨ:-**

ਸਾਡੇ ਦੇਸ਼ ਦਾ ਨਾਂ ਭਾਰਤ ਕਿਵੇਂ ਪਿਆ? ਵਿਆਖਿਆ ਕਰੋ?

ਜਾਂ

ਭਾਰਤ ਦੀ ਜਨਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਵਰਣਨ ਕਰੋ।

ਅੰਕ-5

4. **ਨਕਸ਼ਾ ਭਰੋ:**

ਹੇਠ ਲਿਖਿਆ ਥਾਵਾਂ ਨੂੰ ਭਾਰਤ ਦੇ ਨਕਸ਼ੇ ਵਿੱਚ ਦਰਸਾਓ:-

(1) ਇੱਕ ਕਣਕ ਉਤਪਾਦਕ ਖੇਤਰ (2) ਕਾਲੀ ਮਿੱਟੀ ਦਾ ਇੱਕ ਖੇਤਰ (3) ਮੁੰਬਈ

(4) ਬਹੁਤ ਹੀ ਘੱਟ ਵਰਖਾ ਵਾਲਾ ਇੱਕ ਖੇਤਰ (5) ਵੱਧ ਜਨ ਸੰਖਿਆ ਵਾਲਾ ਇੱਕ ਰਾਜ

ਅਰਥ ਸ਼ਾਸਤਰ

ਭਾਗ - ਅ

2 ਅੰਕਾਂ ਵਾਲੇ ਪ੍ਰਸ਼ਨ **2×5=10**

5. ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

I. ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਕਦੋਂ ਹੋਈ?

(ੳ) 1935 ਈ: (ਅ) 1666 ਈ:

(ੲ) 1966 ਈ: (ਸ) 2018 ਈ:

II. ਖਾਲੀ ਥਾਂ ਭਰੋ:-

----------ਦਾਲਾਂ ਦਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। (ਭਾਰਤ/ ਅਮਰੀਕਾ)

III. ਠੀਕ ਵਾਕ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਪਸ਼ੂਆ ਅਤੇ ਫਸਲਾਂ ਦੇ ਉੱਤਪਾਦਨ ਸੰਬੰਧੀ ਕਲਾ ਜਾਂ ਵਿਗਿਆਨ ਨੂੰ ਖੇਤੀਬਾੜੀ ਕਹਿੰਦੇ ਹਨ।

IV. ਸਹੀ ਮਿਲਾਨ ਕਰੋ:-

(ੳ) ਟੈਲੀਫੋਨ	ਆਵਾਜਾਈ ਦਾ ਸਾਧਨ
(ਅ) ਰੇਲ ਗੱਡੀ	ਸੰਚਾਰ ਦਾ ਸਾਧਨ

V. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਸੰਚਾਰ ਦੇ ਕੋਈ ਇੱਕ ਸਾਧਨ ਦਾ ਨਾਂ ਲਿਖੋ?

6. **4 ਅੰਕਾ ਵਾਲੇ ਪ੍ਰਸ਼ਨ:-** **1×4=4**

ਭਾਰਤੀ ਰਿਜਰਵ ਬੈਂਕ ਤੇ ਨੋਟ ਲਿਖੋ?

ਜਾਂ

ਭਾਰਤ ਵਿੱਚ ਵਿੱਤੀ ਸੰਸਥਾਵਾਂ ਕਿਹੜੀਆਂ ਕਿਹੜੀਆਂ ਹਨ।

7. **6 ਅੰਕਾ ਵਾਲੇ ਪ੍ਰਸ਼ਨ:-** **1×6=6**

ਬਹੁਮੁੱਖੀ ਯੋਜਨਾਵਾਂ ਦੇ ਲਾਭਾਂਦਾ ਵਰਣਨ ਕਰੋ?

ਜਾਂ

ਭਾਰਤ ਵਿੱਚ ਉਦਯੋਗੀਕਰਣ ਦੀ ਧੀਮੀ ਗਤੀ ਦੇ ਕਾਰਣਾਂ ਦਾ ਵਰਣਨ ਕਰੋ?

ਅੰਕ-25

ਇਤਿਹਾਸ

ਭਾਗ- (ੲ)

2×5=10

8. 2 ਅੰਕਾ ਵਾਲੇ ਪ੍ਰਸ਼ਨ

ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

I. ਪੰਜਾਬ ਦੇ ਕਿੰਨੇ ਦੁਆਬ ਹਨ?

(ੳ) ਦੋ (ਅ) ਪੰਜ (ੲ) ਨੌ (ਸ) ਗਿਆਰਾਂ

II. ਖਾਲੀ ਥਾਂ ਭਰੋ

ਬਾਬਰ ਨੇ ਪੰਜਾਬ ਨੂੰ----------------ਈ: ਵਿੱਚ ਜਿੱਤਿਆ ।

(1469ਈ:/1526ਈ:)

III. ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਕਰਤਾਪੁਰ ਦੀ ਸਥਾਪਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ।

IV. ਸਹੀ ਮਿਲਾਨ ਕਰੋ

(ੳ) ਹਰਿਮੰਦਰ ਸਾਹਿਬ	ਦਿੱਲੀ
(ਅ) ਬੰਗਲਾ ਸਾਹਿਬ	ਅੰਮ੍ਰਿਤਸਰ

VI. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਗੋਇੰਦਵਾਲ ਵਿਖੇ ਬਾਉਲੀ ਦੀਆਂ ਕਿੰਨੀਆਂ ਪੌੜੀਆਂ ਹਨ?

1×4=4

9. 4 ਅੰਕਾਂ ਵਾਲੇ ਪ੍ਰਸ਼ਨ:-

ਕੋਈ ਚਾਰ ਸਿੱਖ ਮਿਸਲਾ ਦੇ ਨਾਂ ਅਤੇ ਉਹਨਾਂ ਦੇ ਮੋਢੀਆਂ ਦੇ ਨਾਂ ਲਿਖੋ।

ਜਾਂ

ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਉਨ੍ਹਾਂ ਦੀ ਸਿੱਖਿਆ ਤੇ ਨੋਟ ਲਿਖੋ।

1×6=6

10. 6 ਅੰਕਾਂ ਵਾਲੇ ਪ੍ਰਸ਼ਨ:-

ਦੂਜੇ ਐਗਲੋ ਸਿੱਖ ਯੁੱਧ ਦੇ ਸਿੱਟਿਆ ਦਾ ਵਰਣਨ ਕਰੋ ।

ਜਾਂ

ਬੰਦਾ ਸਿੰਘ ਬਹਾਦਰ ਤੇ ਨੋਟ ਲਿਖੋ?

11. **ਹੇਠ ਲਿਖਿਆ ਥਾਵਾਂ ਨੂੰ ਪੁਰਾਣੇ ਪੰਜਾਬ ਦੇ ਨਕਸ਼ੇ ਵਿੱਚ ਦਰਸਾਓ:-** **ਅੰਕ-5**

(1) ਲਹੌਰ (2) ਸਰਹਿੰਦ (3) ਚਮਕੌਰ ਸਾਹਿਬ (4) ਅੰਮ੍ਰਿਤਸਰ (5) ਬੱਦੋਵਾਲ

ਨਾਗਰਿਕ ਸ਼ਾਸਤਰ **ਅੰਕ-20**

ਭਾਗ- (ਹ)

12. **2 ਅੰਕਾਂ ਵਾਲੇ ਪ੍ਰਸ਼ਨ** **2×5=10**

ਠੀਕ ਉੱਤਰ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ

I. ਭਾਰਤੀ ਸੰਵਿਧਾਨ ਦੇ ਕਿੰਨੇ ਅਨੁਛੇਦ ਹਨ?

(ੳ) 110 (ਅ) 395 (ੲ) 120 (ਸ) 90

II. ਖਾਲੀ ਥਾਂ ਭਰੋ

ਭਾਰਤੀ ਸੰਸਦ ਦੇ ------------ਸਦਨ ਹਨ। (ਦੋ/ਤਿੰਨ)

III. ਠੀਕ ਵਾਕ ਉੱਤੇ ਸਹੀ (✓) ਦਾ ਨਿਸ਼ਾਨ ਲਗਾਓ ਅਤੇ ਗਲਤ ਉੱਤੇ (×) ਦਾ ਨਿਸ਼ਾਨ ਲਗਾਓ

ਬਿੱਲ ਦੋ ਪ੍ਰਕਾਰ ਦੇ ਹੁੰਦੇ ਹਨ।

IV. ਸਹੀ ਮਿਲਾਨ ਕਰੋ

(ੳ) ਭਾਰਤੀ ਰਾਸ਼ਟਰੀ ਕਾਂਗਰਸ	ਕਮਲ ਦਾ ਫੁੱਲ
(ਅ) ਭਾਰਤੀ ਜਨਤਾ ਪਾਰਟੀ	ਹੱਥ ਪੰਜਾ

IX. ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਦਿਓ:-

ਭਾਰਤੀ ਸੰਵਿਧਾਨ ਕਦੋਂ ਪਾਸ ਹੋਇਆ?

13. **4 ਅੰਕਾਂ ਵਾਲੇ ਪ੍ਰਸ਼ਨ:-** **1×4=4**

ਲੋਕ ਸਭਾ ਦਾ ਮੈਂਬਰ ਬਣਨ ਲਈ ਯੋਗਤਾਵਾ ਲਿਖੋ?

ਜਾਂ

ਭਾਰਤੀ ਵਿਦੇਸ਼ੀ ਨੀਤੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

14. **6 ਅੰਕਾਂ ਵਾਲੇ ਪ੍ਰਸ਼ਨ:-** **1×6=6**

ਵਿਧਾਨ ਸਭਾ ਦੀ ਬਣਤਰ ਬਾਰੇ ਲਿਖੋ ਅਤੇ ਇਸਦੇ ਕੋਈ ਦੋ ਕੰਮ ਲਿਖੋ ।

ਜਾਂ

ਭਾਰਤੀ ਸੰਵਿਧਾਨ ਦੀਆਂ ਕੋਈ ਛੇ ਵਿਸ਼ੇਸਤਾਵਾਂ ਲਿਖੋ।